ਪੰਜਾਬ ਸਰਕਾਰ
ਰਾਸਟਰੀ ਸਿਹਤ ਮਿਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ੍ਹ, 160036
☎ 0172-4012011, 4012012, Fax: 0172-4012013

ਨੰ. ਰ.ਸ.ਮ./ਪੰ./22/ਸੀ.ਐਚ.ਆਰ/ 93871 ਮਿਤੀ- 27/12/2022

## ਦਫਤਰੀ ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਅਧੀਨ ਆਉਟਸੋਰਸ ਤੇ ਤੈਨਾਤ ਮੈਨਪਾਵਰ ਨੂੰ ਸਾਲ ਵਿੱਚ ਅਚਨਚੇਤ ਛੁੱਟੀਆਂ ਅਤੇ ਨਿਯਮ ਅਤੇ ਸ਼ਰਤਾਂ ਅਨੁਸਾਰ ਸਾਲ ਵਿੱਚ ਦੀ ਮੈਡੀਕਲ ਲੀਵ ਦੇਣ ਸੰਬਧੀ ਪਹਿਲਾਂ ਜਾਰੀ ਹੁਕਮ ਨੰ: ਐਨ.ਐਚ.ਐਮ./ਪੀ.ਬੀ./2021/ਸੀ.ਐਚ.ਆਰ./ 79337 ਮਿਤੀ 07.01.2022 ਨੂੰ ਰੱਦ ਕਰਦੇ ਹੋਏ, ਇਨ੍ਹਾਂ ਆਉਟਸੋਰਸ ਤੇ ਤੈਨਾਤ ਮੈਨਪਾਵਰ ਨੂੰ ਸਾਲ ਵਿੱਚ 12 ਦਿਨ ਦੀ ਅਚਨਚੇਤ ਛੁੱਟੀਆਂ ਦਿੱਤੀਆਂ ਜਾਣਗੀਆਂ ਅਤੇ ਹੇਠ ਲਿਖੇ ਨਿਯਮ/ਸ਼ਰਤਾਂ ਤੇ ਸਾਲ ਵਿੱਚ 15 ਦਿਨ ਦੀ ਮੈਡੀਕਲ ਲੀਵ ਦਿੱਤੀਆਂ ਜਾਣਗੀਆਂ :

1. ਆਉਟਸੋਰਸ ਕਰਮਚਾਰੀਆਂ ਨੂੰ ਵੱਧ ਤੋਂ ਵੱਧ 15 ਮੈਡੀਕਲ ਲੀਵ 1 ਸਾਲ ਵਿਚ ਤਨਖਾਹ ਸਮੇਤ ਮਿਲਣਯੋਗ ਹੋਵੇਗੀ ।
2. ਮੈਡੀਕਲ ਛੁੱਟੀ ਲਈ ਕਰਮਚਾਰੀ ਨੂੰ ਬਿਮਾਰੀ ਜਾਂ ਹਾਦਸੇ ਕਾਰਨ ਹਸਪਤਾਲ ਵਿਚ ਦਾਖਲ ਰਹਿਣ ਦਾ ਸਬੰਧਤ ਹਸਪਤਾਲ ਤੋਂ ਮੈਡੀਕਲ ਸਰਟੀਫਿਕੇਟ ਦੇਣਾ ਹੋਵੇਗਾ।
3. ਮੈਡੀਕਲ ਛੁੱਟੀ ਅਗਲੇ ਸਾਲ ਦੀਆਂ ਛੁੱਟੀਆਂ ਵਿੱਚ ਨਹੀਂ ਜੋੜੀਆਂ ਜਾਣਗੀਆਂ ਅਤੇ ਸਾਲ ਦੇ ਅੰਤ ਵਿੱਚ ਛੁੱਟੀਆਂ ਖਤਮ ਹੋ ਜਾਣਗੀਆਂ।
4. ਜੇਕਰ ਮੈਨਪਾਵਰ ਨਵਾਂ ਜੁਆਇੰਨ ਕਰਦਾ ਹੈ ਤਾਂ ਮੈਨਪਾਵਰ ਨੂੰ 1 ਸਾਲ ਦੀ ਸਰਵਿਸ ਪੂਰੀ ਕਰਨ ਉਪਰੰਤ ਹੀ ਮੈਡੀਕਲ ਛੁੱਟੀਆਂ ਮਿਲਣਯੋਗ ਹੋਣਗੀਆਂ।
5. ਜਿਹੜੇ ਮੈਨਪਾਵਰ ਦੀ ESI Act ਅਧੀਨ ESI ਦੀ ਅਦਾਇਗੀ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਮੈਡੀਕਲ ਛੁੱਟੀਆਂ ਦੀ ਤਨਖਾਹ ਦੀ ਅਦਾਇਗੀ ESI Act ਅਧੀਨ ਹੀ ਮਿਲਣਯੋਗ ਹੋਵੇਗੀ।

**ਇਹ ਹੁਕਮ ਮਾਣਯੋਗ ਮਿਸ਼ਨ ਡਾਇਰੈਕਟਰ ਐਨ.ਐਚ.ਐਮ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ।**

27/12/22

**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**

ਨੰ. ਰ.ਸ.ਮ./ਪੰ./22/ਸੀ.ਐਚ.ਆਰ/ 93872-77 ਮਿਤੀ- 27/12/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਲੋੜੀਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਸਕੱਤਰ, ਪ੍ਰਮੁੱਖ ਸਕੱਤਰ ਸਿਹਤ ਪੰਜਾਬ ਨੂੰ ਮਾਣਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ ।
2. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ।
3. ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ।
4. ਸਮੂਹ ਕੰਸਲਟੈਂਟ/ਮੈਨੇਜਰ ਅਤੇ ਪ੍ਰੋਗਰਾਮ ਅਫਸਰ (ਡੀ.ਐਚ.ਐਸ./ਐਨ.ਐਚ.ਐਮ.)।
5. ਸਮੂਹ ਸਿਵਲ ਸਰਜਨ, ਪੰਜਾਬ ।
6. ਸਮੂਹ ਜਿਲ੍ਹਾ ਪ੍ਰੋਗਰਾਮ ਮੈਨੇਜਰ ਐਨ.ਐਚ.ਐਮ. ਪੰਜਾਬ ਨੂੰ ਯੋਗ ਕਾਰਵਾਈ ਹਿੱਤ।

27/12/22

**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**

Scanned with OKEN Scanner